209

# ਸ਼ੀਰਾਜ਼ਾ

ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

ISSN 2319-5053

ਦੋ-ਮਾਸਿਕ

# ਸ਼ੀਰਾਜ਼ਾ

ਜੁਲਾਈ-ਅਗਸਤ 2018

ਮੁੱਖ ਸੰਪਾਦਕ

**ਡਾ. ਅਜ਼ੀਜ਼ ਹਾਜਨੀ**

ਸੰਪਾਦਕ

**ਪੋਪਿੰਦਰ ਸਿੰਘ ਪਾਰਸ**

J&K ACADEMY OF ART CULTURE & LANGUAGES

ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

**Sheeraza** R.N. No. 28873/76 July-August 2018

**(Punjabi)**

ਸਾਲ : 49 ਅੰਕ : 5 ਕੁਲ ਅੰਕ : 209

*Editor-in-chief*

**Dr. Aziz Hajini**

*Editor*

**Popinder Singh Paras**

**ਸਰਵਰਕ** : ਪੋਪਿੰਦਰ ਸਿੰਘ ਪਾਰਸ, 9906977731

**ਪ੍ਰਕਾਸ਼ਕ** : ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ– 180 001

***Publisher*** : **Secretary, J&K Academy of Art, Culture and Languages, JAMMU- 180 001**

**ਛਾਪਕ** : ਕਲਾਸਿਕ ਪ੍ਰਿੰਟਰਜ਼, ਬਾੜੀ ਬ੍ਰਾਹਮਨਾਂ, ਜੰਮੂ

**ਮੁੱਲ** : ਦਸ ਰੁਪਏ

**ਸਾਲਾਨਾ** : 50 ਰੁਪਏ

## ਤਤਕਰਾ


❑ ਆਲੇਖ

- ਸਮਕਾਲੀ ਵਿਵਸਥਾ ਵਿਚ ਪਰਵੇਸ਼ ਕਰਦੀ ਗੀਤਕਾਰੀ/*ਤੇਜਵੰਤ ਮਾਨ (ਡਾ.)/1*
- ਜੰਮੂ-ਕਸ਼ਮੀਰ ਦੀ ਪੰਜਾਬੀ ਸਾਹਿਤਕ ਪੱਤਰਕਾਰੀ ਦੀ ਅਲਾਮਤ-ਅਮਰੀਕ ਸਿੰਘ/*ਕੀਰਤ ਸਿੰਘ ਇਨਕਲਾਬੀ/8*
- ਬਲਜੀਤ ਸਿੰਘ ਰੈਨਾ ਦੇ ਨਾਲ ਚਲਦਿਆਂ.../*ਡਾ. ਮੋਨੋਜੀਤ/11*
- ਮਾਲਵੇ ਦੀ ਕਿਸਾਨੀ ਦਾ ਸੰਕਟ ਅਜਮੇਰ ਔਲਖ ਦਾ ਨਾਟਕ : ਸੱਤ ਬੇਗਾਨੇ/*ਡਾ. ਅਸ਼ਵਨੀ ਸ਼ਰਮਾ/19*
- ਅਮਰਜੀਤ ਕੌਰ ਨੀਰ ਦੀ ਕਾਵਿ ਸੰਵੇਦਨਾ (ਉਹ ਤੂੰ ਤਾਂ ਨਹੀਂ ਦੇ ਪ੍ਰਸੰਗ 'ਚ)/*ਡਾ. ਪ੍ਰੀਤਮ ਸਿੰਘ/25*
- ਫਰੀਦ ਬਾਣੀ ਵਿੱਚ ਨੈਤਿਕ ਮੁੱਲ ਵਿਧਾਨ/*ਡਾ. ਹਰਜੀਤ ਕੌਰ/34*
- ਸਫ਼ਰਨਾਮਾ-ਏ-ਪਟਨਾ ਸਾਹਿਬ/*ਡਾ. ਜਸਬੀਰ ਸਿੰਘ ਸਰਨਾ/39*
- ਸੂਫੀ ਅਤੇ ਨ੍ਰਿੱਤ/*ਡਾ. ਸਿੰਮੀ/47*

❑ ਕਹਾਣੀਆਂ

- ਚੰਦਾ ਮਾਮਾ ਤੇ ਬੁੱਢੀ/*ਕੰਵਲ ਕਸ਼ਮੀਰੀ/53*
- ਸੈਲਾਬ/*ਬਲਜੀਤ ਸਿੰਘ ਰੈਨਾ/56*
- ਪੇਟ ਦੀ ਅੱਗ/*ਅਨਮੋਲ ਸਿੰਘ/68*
- ਪਾਪ ਤਿਨ੍ਹ ਭੀਤਰ ਕੰਪਹਿ ਛੇੜਨ/*ਇੱਛੂਪਾਲ/71*
- ਆਰ-ਪਾਰ/*ਤ੍ਰਿਲੋਕ ਸਿੰਘ/79*

❑ ਮਿੰਨੀ ਕਹਾਣੀ

- ਵਸੀਲਾ/*ਮੋਹਿੰਦਰਪਾਲ ਸਿੰਘ/82*

❑ ਨਵੀਂ ਕਲਮ

- ਬੌਰੀਆ ਜਾਤੀ ਦੇ ਲੋਕ ਧਰਮ ਦੀ ਮੁੰਡਾਰੀ, ਕੁਰਕੂ ਅਤੇ ਸੰਥਾਲੀ ਜਾਤੀਆਂ ਦੇ ਲੋਕ ਧਰਮ ਨਾਲ ਤੁਲਨਾ/*ਲਖਵਿੰਦਰ ਸਿੰਘ/83*
- ਬਲਜੀਤ ਸਿੰਘ ਰੈਨਾ ਦੀਆਂ ਕਹਾਣੀਆਂ : ਵਿਸ਼ੈਗਤ ਅਧਿਐਨ/*ਰਜਨੀ ਹੰਸ/92*

❑ ਕਾਵਿ ਰੂਪ

- ਸ਼ਬਦ/*ਹਰਮੋਹਿੰਦਰ ਸਿੰਘ ਹਰਜੀ/98*
- ਹਵੇਲੀ/*ਡਾ. ਜਿਤੇਂਦਰ ਉਧਮਪੁਰੀ/99*
- ਰੋਂਦਾ ਬੱਚਾ/*ਭੂਪਿੰਦਰ ਸਿੰਘ ਭਾਰਗਵ/101*
- ਮੈਂ/*ਸੂਰਜ ਸਿੰਘ ਸੂਰਜ/102*
- ਘਰ ਵਾਪਸੀ/*ਹਰਭਜਨ ਸਿੰਘ ਉਪਾਸ਼ਕ/104*
- ਵਾਸ/*ਜੰਗ ਐੱਸ ਵਰਮਨ/105*
- ਨਾਰੀ/*ਦਮੋਦਰ ਸਿੰਘ ਹਮਦਰਦ/107*
- ਗ਼ਜ਼ਲ/*ਪ੍ਰਤਾਪ ਪਾਰਸ ਗੁਰਦਾਸਪੁਰੀ/109*
- ਯਾਦ ਸੱਜਣ ਦੀ/*ਹਰਜੀਤ ਸਿੰਘ ਉਪਲ/110*
- ਗ਼ਜ਼ਲ/*ਅਕਵੀਰ ਕੌਰ/111*

❑ ਬਾਲ ਸਾਹਿਤ

- ਰੁੱਖ ਲਗਾਉ, ਨਾਨੀ ਮਾਂ/*ਗੁਰਪ੍ਰੀਤ ਕੌਰ ਧਾਲੀਵਾਲ/112-113*

❑ ਅਨੁਵਾਦ

- ਗੋਲ ਮੇਜ਼/*ਮੂਲ ਡੋਗਰੀ : ਛਤਰਪਾਲ*
  *ਅਨੁ : ਐਮ. ਐਸ. ਕਾਮਰਾ/114*
- ਧਰਮ ਸੰਕਟ/*ਮੂਲ ਡੋਗਰੀ : ਅਸ਼ੋਕ ਦੱਤਾ/ਅਨੁਵਾਦ : ਹਰਲੀਨ ਕੌਰ/118*

❑ ਪੁਸਤਕ ਪੜਚੋਲ

- ਦੀਵਾ ਬਲੇ ਸਾਰੀ ਰਾਤ/*ਕੁਸਮ/130*

# ਅਮਰਜੀਤ ਕੌਰ ਨੀਰ ਦੀ ਕਾਵਿ ਸੰਵੇਦਨਾ 'ਓਹ ਤੂੰ ਤਾਂ ਨਹੀਂ' ਦੇ ਪ੍ਰਸੰਗ 'ਚ

❑ ਡਾ. ਪ੍ਰੀਤਮ ਸਿੰਘ

ਮਨੁੱਖ ਧਰਤੀ ਦਾ ਸਭ ਤੋਂ ਸੰਵੇਦਨਸ਼ੀਲ ਅਤੇ ਸ੍ਰੇਸ਼ਟ ਪ੍ਰਾਣੀ ਹੈ। ਇਸ ਸ੍ਰੇਸ਼ਠਤਾ ਦਾ ਕਾਰਨ ਮਨੁੱਖ ਵਲੋਂ ਆਪਣੀਆਂ ਹਰ ਪ੍ਰਕਾਰ ਦੀਆਂ ਲੋੜਾਂ ਦੀ ਪੂਰਤੀ ਲਈ ਤਿਆਰ ਕੀਤੇ ਵਿਭਿੰਨ ਸਾਧਨ ਹਨ। ਇਹ ਸਾਧਨ ਮਨੁੱਖ ਦੀ ਚੇਤਨਾ ਦਾ ਨਤੀਜਾ ਹਨ ਅਤੇ ਇਹ ਚੇਤਨਾ ਮਨੁੱਖ ਦੀ ਵਿਲੱਖਣਤਾ ਵੀ ਹੈ ਤੇ ਧਰਤੀ ਦੇ ਦੂਸਰੇ ਜੀਵਾਂ ਦੇ ਮੁਕਾਬਲੇ ਵੱਖਰਤਾ ਵੀ। ਮਨੁੱਖ ਨੇ ਆਪਣੀਆਂ ਲੋੜਾਂ ਲਈ ਜੋ ਕੁਝ ਵੀ ਸਿਰਜਿਆ ਉਹ ਮਨੁੱਖ ਦਾ ਸਭਿਆਚਾਰ ਅਖਵਾਇਆ। ਮਨੁੱਖ ਦੀਆਂ ਸਾਰੀਆਂ ਸਭਿਆਚਾਰਕ ਸਿਰਜਨਾਵਾਂ ਵਿਚੋਂ ਸਭ ਤੋਂ ਸ੍ਰੇਸ਼ਠ ਸਿਰਜਨਾ ਭਾਸ਼ਾ ਹੈ ਜੋ ਨਾ ਕੇਵਲ ਸੰਚਾਰ ਦਾ ਇਕ ਸਾਧਨ ਮਾਤਰ ਹੈ ਬਲਕਿ ਮਨੁੱਖੀ ਭਾਵਾਂ, ਵਿਭਾਵਾਂ, ਜਜ਼ਬਿਆਂ ਆਦਿ ਨੂੰ ਕਲਾਤਮਕ ਰੂਪ ਵਿਚ ਪੇਸ਼ ਕਰਨ ਦਾ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹੈ। ਇਹ ਭਾਸ਼ਾ ਹੀ ਹੈ ਜਿਸ ਕਰਕੇ ਸਾਹਿਤ, ਕਲਾ ਦੇ ਬਾਕੀ ਰੂਪਾਂ ਦੇ ਮੁਕਾਬਲੇ ਸਭ ਤੋਂ ਵੱਧ ਵਿਕਸਿਤ, ਪ੍ਰਚਲਿੱਤ ਅਤੇ ਮਨੁੱਖੀ ਮਨ ਦੇ ਅਤਿਅੰਤ ਨੇੜੇ ਹੈ।

ਸਾਹਿਤ ਦੇ ਲੱਗਭੱਗ ਹਰੇਕ ਰੂਪ ਵਿੱਚ ਮਨੁੱਖੀ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਪੇਸ਼ ਕੀਤਾ ਜਾ ਸਕਦਾ ਹੈ ਅਤੇ ਪੇਸ਼ ਕੀਤਾ ਜਾ ਵੀ ਰਿਹਾ ਹੈ ਪਰ ਇਨ੍ਹਾਂ ਸਾਹਿਤ ਰੂਪਾਂ ਵਿੱਚ ਕਵਿਤਾ ਇਕ ਮੁੱਢਲਾ ਅਤੇ ਪ੍ਰੌਢ ਸਾਹਿਤ ਰੂਪ ਹੈ। ਕਵਿਤਾ ਦਾ ਦਾਇਰਾ ਕਿੰਨਾ ਵਿਸ਼ਾਲ ਹੈ ਇਸ ਗੱਲ ਦਾ ਅੰਦਾਜ਼ਾ ਇਸ ਤੱਥ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਮਨੁੱਖੀ ਜੀਵਨ ਦਾ ਲੱਗਭਗ ਹਰੇਕ ਪੱਖ ਕਵਿਤਾ ਵਿੱਚ ਪੇਸ਼ ਹੋ ਚੁੱਕਾ ਹੈ। ਫਿਰ ਭਾਵੇਂ ਉਹ ਮੱਧਕਾਲੀ ਅਧਿਆਤਮਕਤਾ ਹੋਵੇ, ਰੋਮਾਂਸ ਹੋਵੇ ਜਾਂ ਆਧੁਨਿਕ ਮਨੁੱਖ ਦੇ ਜਟਿਲ ਜੀਵਨ ਦੀਆਂ ਅਣਖੁੱਲੀਆਂ ਜਾਂ ਅਣਸੁਲਝੀਆਂ ਪਰਤਾਂ ਹੋਣ, ਨਿਰੰਕੁਸ਼ ਖਵਾਹਿਸ਼ਾਂ ਹੋਣ ਜਾਂ ਫਿਰ ਸਰਮਾਇਦਾਰੀ ਅਤੇ ਸਮਕਾਲੀ ਅਪਰਾਧ ਯੁਕਤ ਰਾਜਨੀਤੀ ਦੇ ਖ਼ਿਲਾਫ਼ ਜੁਝਾਰੂ ਵਿਰੋਧ ਹੋਵੇ, ਲੱਗਭੱਗ ਸਭ ਕੁਝ ਕਵਿਤਾ ਨੇ ਆਪਣੇ ਅੰਦਰ ਸਮੋਇਆ ਹੋਇਆ ਹੈ। ਇਸ ਪਰਿਪੇਖ ਵਿੱਚ ਪੰਜਾਬੀ ਕਵਿਤਾ ਆਪਣੇ ਅਤੀਤ ਤੇ ਵਰਤਮਾਣ ਕਰਕੇ ਵਿਸ਼ਵੀ ਕਵਿਤਾ ਦੇ ਮੁਕਾਬਲੇ ਸਨਮਾਨਯੋਗ ਥਾਂ ਬਣ ਚੁੱਕੀ ਹੈ ਤੇ ਇਸ ਦਾ ਭਵਿੱਖ ਵੀ ਉੱਜਲਾ ਹੀ ਨਜਰ ਆਉਂਦਾ ਹੈ।

ਆਧੁਨਿਕ ਪੰਜਾਬੀ ਕਵਿਤਾ ਦਾ ਇਕ ਸਵਰਨਿੰਮ ਅਤੇ ਗੌਰਵਮਈ ਇਤਿਹਾਸ ਰਿਹਾ ਹੈ ਜਿਸ ਵਿੱਚ ਨਾਂ ਕੇਵਲ ਪੰਜਾਬ ਬਲਕਿ ਪੰਜਾਬ ਤੋਂ ਬਾਹਰ ਪੰਜਾਬੀ ਬੋਲਦੇ ਇਲਾਕਿਆਂ ਦੇ ਕਈ ਕਵੀਆਂ ਨੇ ਆਪਣਾ ਜ਼ਿਕਰਯੋਗ ਹਿੱਸਾ ਪਾਇਆ ਹੈ। ਇਨ੍ਹਾਂ ਇਲਾਕਿਆਂ ਵਿਚੋਂ ਰਿਆਸਤ ਜੰਮੂ-ਕਸ਼ਮੀਰ ਅਜਿਹਾ ਇਲਾਕਾ ਹੈ ਜਿੱਥੇ ਪੰਜਾਬ ਤੋਂ ਬਾਅਦ ਗੁਣਾਤਮਕ ਅਤੇ ਗਿਣਾਤਮਕ ਪੱਖ ਤੋਂ ਸਭ ਤੋਂ ਵੱਧ ਪੰਜਾਬੀ ਸਾਹਿਤਕ ਸਿਰਜਨਾ ਹੋ ਰਹੀ ਹੈ। ਰਿਆਸਤੀ ਪੰਜਾਬੀ ਕਵਿਤਾ ਦਾ ਇਕ ਵਿਲੱਖਣ ਇਤਿਹਾਸ ਹੈ। ਰਿਆਸਤੀ ਪੰਜਾਬੀ ਕਵੀਆਂ ਨੂੰ ਕਾਵਿ ਸਿਰਜਨਾ ਦੀ ਗੁੜ੍ਹਤੀ ਜੁਗਤ ਕਵੀ, ਜਗਤ ਗੁਰੂ ਬਾਬੇ ਨਾਨਕ ਨੇ 'ਮਟਨ' ਕਸ਼ਮੀਰ ਦੀ ਪਾਵਨ ਧਰਤੀ 'ਤੇ ਬੈਠ 'ਮਲਾਰ ਦੀ ਵਾਰ' ਦੇ ਰੂਪ ਵਿਚ ਦਿੱਤੀ ਤੇ ਇਥੋਂ ਹੀ ਸ਼ੁਰੂ ਹੋਇਆ ਇਹ ਅਮਲ ਅਜੋਕੇ ਆਧੁਨਿਕ ਦੌਰ ਤੱਕ ਨਿਰੰਤਰ

ਚੱਲ ਰਿਹਾ ਹੈ। ਅਜੋਕੀ ਆਧੁਨਿਕ ਰਿਆਸਤੀ ਪੰਜਾਬੀ ਕਵਿਤਾ ਵਿਸ਼ਵ ਦਰਸ਼ਨ ਦੇ ਮੁਖ਼ਾਤਿਬ ਹੈ ਤੇ ਵਿਸ਼ਵੀਕਰਨ ਦੇ ਇਸ ਦੌਰ ਦੇ ਵਿਸ਼ਵੀਕ੍ਰਿਤ ਹੋ ਚੁੱਕੇ ਮਨੁੱਖ ਦੀ ਮਾਨਸਿਕ, ਸਮਾਜਿਕ, ਆਰਥਿਕ ਸਥਿਤੀ ਤੇ ਹੋਣੀ ਨੂੰ ਸੰਬੋਧਿਤ ਹੁੰਦੀ ਹੈ। ਇਸ ਸੰਬੰਧ ਵਿੱਚ ਰਿਆਸਤੀ ਪੰਜਾਬੀ ਕਵੀਆਂ ਦੀ ਅਥਾਹ ਮਿਹਨਤ ਅਤੇ ਯੋਗਦਾਨ ਦਾ ਹੀ ਨਤੀਜਾ ਹੈ ਕਿ ਰਿਆਸਤੀ ਪੰਜਾਬੀ ਕਵਿਤਾ ਮੁੱਖ ਧਾਰਾ ਦੀ ਪੰਜਾਬੀ ਕਵਿਤਾ ਦੇ ਹਾਣ-ਪ੍ਰਵਾਣ ਹੈ। ਇਥੇ ਇਕ ਜ਼ਿਕਰਯੋਗ ਗੱਲ ਇਹ ਵੀ ਹੈ ਕਿ ਰਿਆਸਤੀ ਪੰਜਾਬੀ ਕਵਿਤਾ ਦੇ ਵਿਕਾਸ ਵਿੱਚ ਪੁਰਸ਼ ਕਵੀਆਂ ਦੇ ਨਾਲ-ਨਾਲ ਕਵਿੱਤਰੀਆਂ ਦਾ ਵੀ ਅਹਿਮ ਯੋਗਦਾਨ ਹੈ। ਇਸ ਸੰਬੰਧ ਵਿੱਚ ਸੁਪਨ ਮਾਲਾ, ਸੁਰਜੀਤ ਸਖੀ, ਰੇਸ਼ਮ ਕੌਰ ਅਤੇ ਸੁਰਿੰਦਰ ਨੀਰ ਆਦਿ ਵਿਸ਼ੇਸ਼ ਅਤੇ ਵਿਚਾਰਨਯੋਗ ਨਾਮ ਹਨ ਅਤੇ ਇਹਨਾਂ ਕਵਿਤਰੀਆਂ ਦੀ ਕਤਾਰ ਵਿੱਚ ਸ਼੍ਰੀਮਤੀ 'ਅਮਰਜੀਤ ਕੌਰ ਨੀਰ' ਵੀ ਆਪਣੀ ਪਲੇਠੀ ਕਾਵਿ ਪੁਸਤਕ 'ਉਹ ਤੂੰ ਤਾਂ ਨਹੀਂ' ਰਾਹੀਂ ਆ ਸ਼ਾਮਿਲ ਹੋਈ ਹੈ।

'ਅਮਰਜੀਤ ਕੌਰ ਨੀਰ' ਦਾ ਜਨਮ 2 ਅਕਤੂਬਰ 1965 ਨੂੰ ਗਿਆਨੀ ਸਾਹਿਬ ਸਿੰਘ (ਸਾਬਕਾ ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਦੇ ਘਰ ਮਾਤਾ ਸ੍ਰੀ ਮਤੀ ਅਜੀਤ ਕੌਰ ਜੀ ਦੀ ਕੁਖੋਂ ਕਾਨਪੁਰ, ਯੂ.ਪੀ. ਵਿਖੇ ਹੋਇਆ। 'ਨੀਰ' ਜੀ ਦਾ ਪਰਿਵਾਰਕ ਪਿਛੋਕੜ ਰਿਆਸਤ ਜੰਮੂ-ਕਸ਼ਮੀਰ ਨਾਲ ਹੀ ਸੰਬੰਧਿਤ ਹੈ ਪਰ ਗਿਆਨੀ ਸਾਹਿਬ ਸਿੰਘ ਜੀ ਨੇ ਬਤੌਰ ਹੈੱਡ ਗ੍ਰੰਥੀ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਸੇਵਾਵਾਂ ਨਿਭਾਉਣ ਕਰਕੇ 'ਨੀਰ' ਜੀ ਨੇ ਲੰਮਾ ਸਮਾਂ ਰਿਆਸਤ ਤੋਂ ਬਾਹਰ ਹੀ ਬਿਤਾਇਆ ਹੈ। 'ਨੀਰ' ਜੀ ਦਾ ਵਿਆਹ 1988 ਈ. ਵਿੱਚ ਸ. ਜਗਜੀਤ ਸਿੰਘ ਜੀ ਨਾਲ ਹੋਇਆ, ਜੋ ਪੀ. ਐਚ. ਈ. ਵਿਭਾਗ ਤੋਂ ਏ. ਈ. ਈ. ਦੇ ਪੱਦ ਤੋਂ ਸੇਵਾ ਨਿਵ੍ਰਿੱਤ ਹੋਏ ਹਨ। ਆਪ 'ਨੀਰ ਜੀ' ਰਿਆਸਤੀ ਸਿੱਖਿਆ ਵਿਭਾਗ ਵਿੱਚ ਬਤੌਰ ਅਧਿਆਪਕਾ ਆਪਣੀਆਂ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਅਮਰਜੀਤ ਕੌਰ ਨੀਰ ਨੂੰ ਸਾਹਿਤ ਦੀ ਚਿਣਗ ਘਰ ਵਿੱਚੋਂ ਹੀ ਲੱਗੀ। ਪਿਤਾ ਗਿਆਨੀ ਸਾਹਿਬ ਸਿੰਘ ਜੀ ਗੁਰਬਾਣੀ ਦੇ ਚੰਗੇ ਚਿੰਤਕ ਸਨ, ਚੰਗੇ ਵਕਤਾ ਸਨ, ਅਧਿਆਤਮਕ ਸਾਹਿਤ ਪੜ੍ਹਨ ਅਤੇ ਸੁਣਨ-ਸੁਣਾਉਣ ਦੀ ਚੇਟਕ ਵੀ ਸੀ ਜਿਸ ਦਾ ਸਿੱਧਾ ਅਸਰ ਅਮਰਜੀਤ ਕੌਰ ਨੀਰ ਦੇ ਬਾਲ ਮਨ ਨੇ ਕਬੂਲਿਆ। ਇਹੀ ਕਾਰਨ ਸੀ ਕਿ ਛੋਟੇ ਉਮਰੇ ਹੀ ਉਨ੍ਹਾਂ ਦੀ ਰੁਚੀ ਸੰਗੀਤ ਅਤੇ ਸਾਹਿਤ ਨਾਲ ਪੈ ਗਈ ਸੀ। ਬਕੌਲ 'ਨੀਰ' ਉਨ੍ਹਾਂ ਦੇ ਜੀਵਨ ਦਾ ਮੁੱਢਲਾ ਸਮਾਂ ਲਗਾਤਾਰ ਹਿਜ਼ਰਤ ਵਿੱਚ ਹੀ ਨਿਕਲਿਆ ਹੈ। ਕਾਨਪੁਰ ਤੋਂ ਪਿਤਾ ਜੀ ਦਾ ਲੁਧਿਆਣੇ ਆਉਣਾ ਤੇ ਲੁਧਿਆਣੇ ਤੋਂ ਟੋਹੜਾ ਸਾਹਿਬ ਵਲੋਂ ਦਰਬਾਰ ਸਾਹਿਬ ਵਿਖੇ ਲੈ ਆਉਣਾ ਤੇ ਇਥੇ ਹੀ 1984 ਦੇ ਸੰਤਾਪੇ ਦਿਨਾਂ ਦਾ ਦਰਦ ਆਪਣੇ ਪਿੰਡੇ 'ਤੇ ਹੰਡਾਉਣਾ, ਇਹ ਕੁੱਝ ਅਹਿਮ ਘਟਨਾਵਾਂ ਸਨ ਜਿਨ੍ਹਾਂ ਨੇ 'ਨੀਰ' ਜੀ ਦੇ ਮਨ 'ਤੇ ਇਕ ਸਦਵੀਂ ਪ੍ਰਭਾਵ ਛੱਡਿਆ। ਇਸੇ ਪ੍ਰਭਾਵ ਸਦਕਾ 'ਨੀਰ' ਨੇ ਸੰਵੇਦਨਸ਼ੀਲ ਤੌਰ 'ਤੇ 1985 ਵਿੱਚ ਸਾਹਿਤਕ ਸਿਰਜਨਾ ਦਾ ਅਮਲ ਡਾਇਰੀ ਲਿਖਣ ਤੇ ਨਾਲ ਆਰੰਭ ਕੀਤਾ। ਇਸ ਸੰਬੰਧੀ ਉਨ੍ਹਾਂ ਦਾ ਕਹਿਣਾ ਹੈ ਕਿ 1985 ਤੋਂ 1988 ਤੱਕ ਉਨ੍ਹਾਂ ਕੁਝ ਲੇਖ ਅਤੇ ਕਵਿਤਾਵਾਂ ਆਦਿ ਲਿਖੀਆਂ ਪਰ ਵਿਆਹ ਤੋਂ ਬਾਅਦ ਉਹ ਅਮਲ ਰੁੱਕ ਗਿਆ। ਜੋ ਕੁਝ ਲਿਖਿਆ ਉਸ ਵਿਚੋਂ ਕੁਝ ਵੱਖ-ਵੱਖ ਰਸਾਲਿਆਂ ਚ ਛਪਿਆਂ ਤੇ ਕੁਝ ਜੀਵਨ ਦੀ ਵਿਅਸਤਤਾ ਦੀ ਬਲੀਚੜ੍ਹ ਗਿਆ। ਇਸ ਪੁਸਤਕ ਵਿਚਲੀਆਂ ਸਾਰੀਆਂ ਰਚਨਾਵਾਂ ਵੱਖ-ਵੱਖ ਰਸਾਲਿਆਂ ਆਦਿ ਵਿੱਚ ਛੱਪ ਚੁੱਕੀਆਂ ਹਨ ਜਿਨ੍ਹਾਂ ਨੂੰ ਮੁੜ ਭਾਲ ਕੇ ਸੰਕਲਿਤ ਕਰਕੇ ਪਾਠਕਾਂ ਦੇ ਰੂਬਰੂ ਕੀਤਾ ਹੈ।

'ਅਮਰਜੀਤ ਕੌਰ ਨੀਰ' ਦੀ ਇਸ ਪਲੇਠੀ ਕਾਵਿ ਪੁਸਤਕ ਵਿੱਚ ਕੁਲ 68 ਛੋਟੀਆਂ ਵੱਡੀਆਂ ਕਵਿਤਾਵਾਂ ਦਰਜ ਹਨ, ਜਿਨ੍ਹਾਂ ਵਿੱਚੋਂ ਬਹੁਤੀਆਂ ਸੰਬੋਧਨੀ ਸ਼ੈਲੀ ਵਿੱਚ ਲਿਖੀਆਂ ਗਈਆਂ ਹਨ। ਇਹ ਸਾਰੀਆਂ ਕਵਿਤਾਵਾਂ 'ਨੀਰ' ਦੇ ਨਿੱਜੀ ਅਨੁਭਵ ਵਿਚੋਂ ਜਨਮ ਲੈਂਦੀਆਂ ਹਨ। ਕਾਵਿ ਪੁਸਤਕ 'ਉਹ ਤੂੰ ਤਾਂ ਨਹੀਂ' ਵਿਚਲੀਆਂ ਕਵਿਤਾਵਾਂ ਦੇ ਅਧਿਐਨ ਤੋਂ ਇਹ ਗੱਲ ਸਹਿਜੇ ਹੀ ਸੱਪਸ਼ਟ ਹੋ ਜਾਂਦੀ ਹੈ ਕਿ ਇਨ੍ਹਾਂ ਕਵਿਤਾਵਾਂ ਦੀ ਮੂਲ ਪ੍ਰਕ੍ਰਿਤੀ ਇਨ੍ਹਾਂ ਦੇ ਨਿੱਜੀ ਅਨੁਭਵ ਉਪਰ ਆਧਾਰਿਤ ਹੋਣਾ ਹੈ। ਨਿੱਜੀ ਅਨੁਭਵ ਦੀ ਕਵਿਤਾ ਦਾ ਇਕ ਵਿਸ਼ੇਸ਼ ਲੱਛਣ ਇਹ ਕਿ ਇਸ ਵਿਚ ਨਾ ਕੇਵਲ

ਭਾਵਾਂ ਦੀ ਤਪਸ਼ ਤਿਖੇਰੀ ਹੁੰਦੀ ਹੈ, ਸਗੋਂ ਇਸ ਵਿਚ ਗਤੀਸ਼ੀਲਤਾ ਵੀ ਹੁੰਦੀ ਹੈ। ਇਸ ਗਤੀਸ਼ੀਲ ਜ਼ਿੰਦਗੀ ਵਿਚ ਮਨੁੱਖ ਅਨੁਭਵ ਦੇ ਪੱਧਰ 'ਤੇ ਕਈ ਤਰ੍ਹਾਂ ਦੀਆਂ ਘਟਨਾਵਾਂ ਜਿਵੇਂ ਪ੍ਰੇਮ, ਵਿਯੋਗ, ਤੋੜ-ਵਿਛੋੜਾ, ਲੜਾਈ-ਝਗੜੇ ਆਦਿ ਦੇ ਰੂਬਰੂ ਹੁੰਦਾ ਹੈ। ਇਹੋ ਜਿਹੇ ਅਨੁਭਵਾਂ ਨਾਲ ਸੰਬੰਧਿਤ ਹਰ ਵੇਰਵਾ ਇਸ ਵਿੱਚ ਜੁੜਿਆ ਰਹਿੰਦਾ ਹੈ। ਉਸ ਦੀਆਂ ਬਹੁਤੀਆਂ ਕਵਿਤਾਵਾਂ 'ਤੇ ਉਸ ਦੀ ਨਿੱਜੀ ਜ਼ਿੰਦਗੀ ਵਿੱਚ ਘਟਨ ਵਾਲੀਆਂ ਅਹਿਮ ਘਟਨਾਵਾਂ ਦਾ ਪ੍ਰਭਾਵ ਪ੍ਰਤੱਖ ਦੇਖਿਆ ਜਾ ਸਕਦਾ ਹੈ। ਉਸ ਦੀਆਂ ਸਾਰੀਆਂ ਕਵਿਤਾਵਾਂ ਦੇ ਅਧਿਐਨ ਤੋਂ ਬਾਅਦ ਕੁਝ ਪ੍ਰਮੁੱਖ ਵਸਤੂ ਸੂਤਰ ਉੱਭਰਦੇ ਹਨ ਜਿਨ੍ਹਾਂ ਵਿੱਚ ਨਾਰੀ ਹੋਂਦ ਨਾਲ ਸੰਬੰਧਿਤ ਵਿਭਿੰਨ ਮਸਲੇ, ਅਧਿਆਤਮ ਅਤੇ ਸਮਕਾਲੀ ਸਮਾਜਿਕ ਯਥਾਰਥ ਪ੍ਰਮੁੱਖ ਹਨ।

ਅਮਰਜੀਤ ਕੌਰ ਦੀਆਂ ਕਵਿਤਾਵਾਂ ਨੂੰ ਪੜ੍ਹਦਿਆਂ ਜੋ ਸਭ ਤੋਂ ਪਹਿਲਾਂ ਤੇ ਪ੍ਰਮੁੱਖ ਸਰੋਕਾਰ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਹੈ ਨਾਰੀ ਸੰਵੇਦਨਾ। ਨਾਰੀ ਸੰਵੇਦਨਾ ਤੋਂ ਭਾਵ ਨਾਰੀ ਦੀ ਉਸ ਮਾਨਸਿਕ, ਸਮਾਜਕ ਤੇ ਇਤਿਹਾਸਕ ਸਥਿਤੀ ਤੋਂ ਹੈ ਜੋ ਨਿਰੰਤਰ ਬਦਲਦੀਆਂ ਪ੍ਰਸਥਿਤੀਆਂ ਵਿਚੋਂ ਗੁਜ਼ਰ ਕੇ ਕਵਿਤਾ ਵਿੱਚ ਪ੍ਰਗਟ ਹੁੰਦੀ ਹੈ। ਵਿਭਿੰਨ ਇਤਿਹਾਸਕ ਪੜਾਵਾਂ ਦੌਰਾਨ ਵੀ ਔਰਤ ਦੀ ਸਥਿਤੀ ਕੋਈ ਬਹੁਤ ਸੁਖਾਵੀਂ ਨਹੀਂ ਰਹੀ। ਭਾਰਤੀ-ਸੰਦਰਭਾਂ ਵਿੱਚ ਤਾਂ ਔਰਤ ਦੀ ਸਥਿਤੀ ਹੋਰ ਵੀ ਸੰਕਟ-ਗ੍ਰਸਤ ਰਹੀ ਹੈ। ਇਸ ਪੱਖੋਂ ਇਤਿਹਾਸ ਗਵਾਹ ਹੈ ਕਿ ਔਰਤ ਨੂੰ ਜਾਂ ਤਾਂ ਦੇਵੀ ਦੇ ਰੂਪ ਵਿੱਚ ਪੂਜਿਆ ਗਿਆ ਹੈ ਤੇ ਜਾਂ ਫਿਰ ਭੋਗਿਆ। ਉਸ ਦੇ ਮਾਨਵੀ ਰੂਪ ਨੂੰ ਮਰਦ ਪ੍ਰਧਾਨ ਸਮਾਜ ਵਲੋਂ ਮਾਨਤਾ ਹੀ ਪ੍ਰਾਪਤ ਨਹੀਂ ਹੋਈ। ਬੇਸ਼ਕ ਸਦੀਆਂ ਤੋਂ ਹੀ ਔਰਤ ਮਰਦ ਦੀ ਕਲਪਨਾ ਅਤੇ ਕਲਾਵਾਂ (ਸਾਹਿਤਕ, ਬੁੱਤਕਸ਼ੀ ਜਾਂ ਚਿਤਰਕਲਾ) ਦੀ ਪ੍ਰੇਰਨਾ-ਸ੍ਰੋਤ ਬਣੀ ਰਹੀ ਹੈ ਪਰ ਕਦੇ ਵੀ ਮਰਦ ਦੇ ਬਰਾਬਰ ਖੜੋਨ ਦਾ ਹੱਕ ਔਰਤ ਨੂੰ ਪ੍ਰਾਪਤ ਨਹੀਂ ਹੋਇਆ। ਜੀਵ ਵਿਗਿਆਨਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਸੱਚ ਇਹ ਹੈ ਕਿ ਨਾਰੀ ਦੀ ਹੋਂਦ ਬਿਨ੍ਹਾਂ ਮਨੁੱਖਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਔਰਤ ਅਤੇ ਮਰਦ ਦੇ ਸੰਯੋਗ ਕਾਰਨ ਹੀ ਮਨੁੱਖਤਾ ਦਾ ਅਸਤਿੱਤਵ ਹੈ। ਪੁਰਸ਼ ਨਾਲ ਸੰਬੰਧਾਂ ਵਿਚੋਂ ਨਾਰੀ ਦੇ ਕੀ ਰੂਪ ਉਦੈ ਹੁੰਦੇ ਹਨ ਜਿਵੇਂ ਪਤਨੀ, ਮਾਂ, ਧੀ, ਭੈਣ ਆਦਿ। ਅਗਰ ਮਰਦ ਇਕੱਲਾ ਰਹਿ ਜਾਏ ਤਾਂ ਇਨ੍ਹਾਂ ਰਿਸ਼ਤਿਆਂ ਉੱਤੇ ਸਵਾਲੀਆਂ ਨਿਸ਼ਾਨ ਲੱਗ ਜਾਂਦਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਮਰਦ ਔਰਤ ਦੇ ਮਹੱਤਵ ਨੂੰ ਸਮਝਦਾ ਤਾਂ ਹੈ ਪਰ ਔਰਤ ਨੂੰ ਮਹੱਤਵ ਦੇਣ ਤੋਂ ਇਨਕਾਰੀ ਹੋ ਜਾਂਦਾ ਹੈ। ਇਸ ਸੰਬੰਧ ਵਿੱਚ 'ਨੀਰ ਦੀ ਕਵਿਤਾ 'ਦੋਸ਼ੀ' ਬਹੁਤ ਮਹੱਤਵਪੂਰਨ ਹੈ।

ਪਤਾ ਨਹੀਂ?
ਦੋਸ਼ੀ ਕੌਣ ਸੀ?
ਤੇਰੀ ਹਾਲਤ ਯਾ ਮੇਰੇ ਹਾਲਾਤ
ਜਵਾਨੀ ਗਲਦੀ ਰਹੀ,
ਉਮਰ ਢਲਦੀ ਰਹੀ,
ਦਿਨ ਬੀਤਦੇ ਰਹੇ,
ਮੈਨੂੰ ਪੀਸਦੇ ਰਹੇ।
ਮੈਂ ਪੱਤਝੜ ਬਣੀ
ਤੂੰ ਬਸੰਤ।

ਮੇਰੇ ਜੀਵਨ 'ਚ ਆਈ ਇਕਾਂਤ
ਪਰ ਤੂੰ ਭੋਗਦਾ ਰਿਹਾ ਜੰਨਤ
ਕਿਉਂ ਕਿ ਤੂੰ ਉਸ ਵੇਲੇ
ਵੀ ਮਰਦ ਸੀ ਤੇ

ਅੱਜ ਵੀ ਉਹੋ ਹੀ ਹੈਂ।

ਉਪਰੋਕਤ ਕਵਿਤਾ ਵਿਚ ਅਮਰਜੀਤ ਕੌਰ ਨੀਰ ਔਰਤ ਹੋਣ ਦੇ ਨਾਤੇ ਔਰਤ ਦੇ ਦਰਦ ਨੂੰ ਵਧੇਰੇ ਤੀਖਣਤਾ ਨਾਲ ਮਹਿਸੂਸ ਕਰਦੀ ਹੈ। ਮਰਦ-ਪ੍ਰਧਾਨ ਸਮਾਜ ਵਿੱਚ ਦੱਬੀ ਕੁੱਚਲੀ, ਨੱਪੀ-ਨਪੀੜੀ ਔਰਤ ਦੀ ਤੜਪ ਨੂੰ ਅਤੇ ਬੇਬਸੀ ਨੂੰ ਰੂਪਮਾਨ ਕਰਦੀ ਹੋਈ ਮਰਦ ਦੀ ਫੋਕੀ ਹਉਮੈ ਤੇ ਮਾਰੂ ਪ੍ਰਭੁੱਤਾ ਤੇ ਸਵਾਲ ਖੜ੍ਹਾ ਕਰਦੀ ਹੈ ਕਿ ਪਤਾ ਨਹੀਂ ਦੋਸ਼ੀ ਕੌਣ ਸੀ? ਤੇ ਨਾਲ 'ਸ਼ੁਕਰੀਆ' ਨਾਲ ਦੀ ਕਵਿਤਾ ਵਿੱਚ ਮਰਦ ਦੀ ਅਧੀਨਗੀ ਵਾਲੀ ਜ਼ਿੰਦਗੀ ਨੂੰ ਸਰਾਪਿਆ ਹੋਇਆ ਗਰਦਾਨਦੀ ਹੋਈ ਐਲਾਨੀਆਂ ਕਹਿ ਦਿੰਦੀ ਹੈ;

ਤੇਰੇ ਜਹਾਨ 'ਚ
ਮਿਟ ਗਈ ਹੈ
ਮੇਰੇ ਅੰਦਰ ਦੀ ਸ਼ਖ਼ਸੀਅਤ
ਫਿਰ ਜਦੋਂ
ਮੈਂ ਮੁੜੀ ਆਪਣੀ ਹੀ ਦੁਨੀਆਂ 'ਚ
ਇਕ ਅਲਗਪਨ ਮੈਨੂੰ ਰੋਸ਼ਨ ਕਰ ਗਿਆ
ਕਿਉਂਕਿ ਉਸ ਵੇਲੇ
ਮੇਰਾ ਹੀ, ਹਾਂ, ਸਿਰਫ਼ ਮੇਰਾ ਹੀ
ਵਜੂਦ ਸੀ, ਹਾਂ ਮੇਰਾ ਹੀ ਵਜੂਦ

ਤੇਰੇ ਜਹਾਨ 'ਚ
ਜਿਸ ਤੋਂ ਮੈਂ ਸਿਖਿਆ
ਆਪਣੇ ਆਪ ਨੂੰ ਬਚਾਉਣਾ
ਕਿਉਂਇਕ ਮੇਰੇ ਵਜੂਦ 'ਤੇ
ਤੇਰਾ ਹਾਵੀ ਹੋਣਾ ਇਕ
ਸਰਾਪ ਸੀ ਮੇਰੇ ਲਈ

'ਦ ਸੈਂਕਡ ਸੈਕਸ' ਦੀ ਕਰਤ 'ਸੀਮਾਨ ਦੀ ਬੂਆ' ਦਾ ਕਹਿਣਾ ਹੈ ਕਿ "ਔਰਤਾਂ ਨੇ ਆਪਣੇ ਆਪ ਨੂੰ ਕਦੇ ਸੰਗਠਿਤ ਕਰਕੇ ਮਰਦਾਂ ਤੇ ਰੂਬਰੂ ਖੜੇ ਹੋਣ ਦਾ ਯਤਨ ਹੀ ਨਹੀਂ ਕੀਤਾ। ਇਸ ਲਈ ਔਰਤਾਂ ਦਾ ਨਾ ਕੋਈ ਅਤੀਤ ਹੈ, ਨਾ ਇਤਿਹਾਸ ਤੇ ਨਾ ਹੀ ਉਨ੍ਹਾਂ ਦਾ ਕੋਈ ਮਜ਼ਬ ਹੈ। ਉਹ ਮਰਦਾਂ ਦੀ ਦੁਨੀਆਂ ਵਿੱਚ ਖਿਲਰੀਆਂ ਪਈਆਂ ਹਨ। ਮਰਦਾਂ ਨਾਲ ਉਹ ਸਿਰਫ਼ ਘਰੇਲੂ ਕੰਮ-ਕਾਜ, ਆਰਥਿਕ ਨਿਰਭਰਤਾ ਤੇ ਸਮਾਜਕ ਰਿਸ਼ਤੇ ਦੀ ਦ੍ਰਿਸ਼ਟੀ ਤੋਂ ਜੁੜੀਆਂ ਹੋਈਆਂ ਹਨ। ਮਰਦ ਜਾਂ ਤਾਂ ਉਨ੍ਹਾਂ ਦੇ ਪਿਤਾ ਬਣੇ ਹਨ ਜਾਂ ਪਤੀ। ਇਹ ਮਰਦਾਂ ਦਾ ਬੁਰਜੂਆ ਦ੍ਰਿਸ਼ਟੀਕੋਣ ਹੈ ਜਿਸ ਦੀ ਔਰਤ ਹਮੇਸ਼ਾ ਤੋਂ ਸ਼ਿਕਾਰ ਰਹੀ ਹੈ।" 'ਸੀਮਾਨ ਦੀ ਬੂਆ' ਦਾ ਇਹ ਕਥਨ ਜਿਸ ਕੌੜੀ ਸੱਚਾਈ ਵੱਲ ਇਸ਼ਾਰਾ ਕਰਦਾ ਹੈ ਉਹ ਹੈ ਔਰਤ ਵਲੋਂ ਹਾਲਾਤ ਨਾਲ ਸਮਝੌਤਾ ਕਰ ਲੈਣਾ। ਔਰਤ ਮਰਦ ਦੀ ਹਰ ਵਧੀਕੀ ਨੂੰ ਇਕ ਸਮਝੌਤੇ ਅਧੀਨ ਚੁੱਪ-ਚਾਪ ਜ਼ਰ ਲੈਂਦੀ ਹੈ। ਔਰਤ ਦੀ ਇਸ ਸਥਿਤੀ ਦਾ ਵਰਨਣ ਵੀ 'ਨੀਰ' ਦੀਆਂ ਕਵਿਤਾਵਾਂ ਵਿੱਚ ਮਿਲਦਾ ਹੈ। ਮਰਦ ਚਾਹੇ ਪਤੀ ਦੇ ਰੂਪ 'ਚ ਹੋਵੇ ਜਾਂ ਪ੍ਰੇਮੀ ਦੇ ਰੂਪ 'ਚ ਉਹ ਪਤਨੀ ਜਾਂ ਪ੍ਰੇਮੀਕਾ ਨੂੰ ਦੇਖਦਾ-ਪਰਖਦਾ ਗੌਣ ਸਥਿਤੀ ਵਿੱਚ ਹੀ ਹੈ। ਅਜਿਹੀ ਸਥਿਤੀ 'ਚ ਨੀਰ ਮਨਵਚਨੀ ਕਰਦੀ ਹੋਈ ਆਪਣੇ ਹਾਣ ਨੂੰ ਤਰਲਿਆਂ ਦੇ ਰੂਪ 'ਚ ਮੁਖ਼ਾਤਿਬ ਹੁੰਦੀ ਰਹਿੰਦੀ ਹੈ:

ਮੈਂ ਤੇਰੇ ਕੋਲ ਰਹਿਣਾ ਚਾਹੁੰਦੀ ਹਾਂ
ਦੁਨੀਆ, ਦਿਖਾਵੇ ਤੋਂ ਦੂਰ
ਮੇਰੇ ਨਾਂ ਲਿਖਦੇ ਉਹ ਪਲ, ਦੋ ਪਲ

ਸਜੀ ਸੰਵਰੀ ਦੁਲਹਣ ਬਣੀ
ਆਈ ਸੀ ਜਦੋਂ ਤੇਰੇ ਘਰ
ਮੇਰੇ ਨਾਂ ਲਿਖਦੇ
ਉਹ ਪਲ ਤੋਂ ਪਲ

ਉਪਰੋਕਤ ਕਾਵਿ ਬੰਦ ਵਿੱਚ ਭਾਰਤੀ ਔਰਤ ਦੀ ਵਾਸਤਵਿਕਤਾ ਦਾ ਬਹੁਤ ਹੀ ਮਾਰਮਿਕ ਦ੍ਰਿਸ਼ ਸਿਰਜਿਆ ਗਿਆ ਹੈ। ਔਰਤ ਪਰੰਪਰਾਵਾਂ ਵਿੱਚ ਬੱਝੀ ਆਪਣਾ ਸਭ ਕੁਝ ਆਪਣੇ ਸਿਰ ਦੇ ਸਾਈਂ ਦੇ ਲੇਖੇ ਲਾ ਕੇ ਆਪਣੇ ਹਿੱਸੇ ਦੀ ਥਾਂ ਲਈ ਤਰਲੋ-ਮੱਛੀ ਹੁੰਦੀ ਰਹਿੰਦੀ ਹੈ ਤੇ ਜਦੋਂ ਉਸ ਦੀ ਇਸ ਸੱਦਰ ਦਾ ਗਲਾ ਘੁੱਟ ਦਿੱਤਾ ਜਾਂਦਾ ਹੈ ਤਾਂ ਉਹ ਡਰਦੀ ਮਾਰੀ ਚੁੱਪ ਧਾਰ ਲੈਂਦੀ ਹੈ ਤੇ ਸਾਰੀਆਂ ਵਧੀਕੀਆਂ ਤੇ ਜ਼ੁਲਮਾਂ ਨੂੰ ਆਪਣੀ ਹੋਂਦ ਦਾ ਹਿੱਸਾ ਮੰਨਣ ਲੱਗ ਪੈਂਦੀ ਹੈ। ਨੀਰ ਦੀ ਕਵਿਤਾ 'ਤੇਰੇ ਲਈ' ਇਸ ਸੰਬੰਧ ਵਿੱਚ ਬਹੁਤ ਹੀ ਢੁੱਕਵੀਂ ਮਿਸਾਲ ਹੈ।

ਤੇਰੇ ਕੋਲ ਖੁਸ਼ੀਆਂ ਦੀ ਆਸ ਸੀ।
ਇਸ ਲਈ ਮੈਂ ਹਰ ਦੁੱਖ ਜਰ ਗਈ।

ਹੈਰਾਨ ਹਾਂ ਤੂੰ ਬੇਖ਼ਬਰ ਰਿਹਾ
ਮੈਂ ਤਾਂ ਜ਼ਖਮਾਂ ਨੂੰ ਸੀਅ ਸੜ ਗਈ

ਮੇਰੇ ਜੀਵਨ ਦਾ ਇਹੋ ਦੁਖਾਂਤ ਹੈ
ਸੱਚੀ ਹੁੰਦਿਆਂ ਵੀ ਸਮਾਜ ਤੋਂ ਡਰ ਗਈ।

ਉਪਰੋਕਤ ਕਥਨ ਭਾਰਤੀ ਔਰਤ ਦੇ ਇਕ ਹੋਰ ਮਾਨਸਿਕ ਪਹਿਲੂ ਵੱਲ ਇਸ਼ਾਰਾ ਕਰਦੀ ਹੈ। ਅਜੋਕੀ ਭਾਰਤੀ ਔਰਤ ਆਧੁਨਿਕ ਹੋ ਕੇ ਵੀ ਵਿਹਾਰਕ ਤੌਰ 'ਤੇ ਪਰੰਪਰਾਗਤ ਹੈ। ਅਮਰਜੀਤ ਨੀਰ ਨੂੰ ਸਮਾਜਿਕ ਵਿਵਸਥਾ ਵਿਚ ਸਥਾਪਿਤ ਇਸਤਰੀ ਮਰਦ ਸੰਬੰਧਾਂ ਦੀ ਸੂਖ਼ਮਤਾ ਅਤੇ ਕਠੋਰਤਾ ਦਾ ਅਹਿਸਾਸ ਹੈ। ਉਸ ਦੀ ਉਪਰੋਕਤ ਕਵਿਤਾ ਵਿਚਲਾ ਕਥਨ 'ਸੱਚੀ ਹੁੰਦੀ ਵੀ ਸਮਾਜ ਤੋਂ ਡਰ ਗਈ' ਸਮਾਜਕ ਸ਼ਕਤੀਆਂ ਵੱਲੋਂ 'ਸਭਿਆਚਾਰਕ ਮੁੱਲਾਂ' ਦੇ ਨਾਂ ਤੇ ਲਾਈਆਂ ਪਾਬੰਦੀਆਂ ਦਾ ਸੂਚਕ ਹੈ। ਇਹੋ ਪਾਬੰਦੀਆਂ ਕਰਕੇ ਹੀ ਔਰਤ ਨੂੰ ਹਰ ਸਮੇਂ ਆਪਣੀ ਪਵਿੱਤਰਤਾ, ਇਮਾਨਦਾਰੀ ਅਤੇ ਪਤੀ ਜਾਂ ਪ੍ਰੇਮੀ ਦੇ ਰੂਪ ਵਿੱਚ ਮਰਦ ਨੂੰ ਆਪਣੀ ਸਮਰਪਨ ਭਾਵਨਾ ਦਾ ਸਬੂਤ ਦੇਣਾ ਪੈਂਦਾ ਹੈ। ਨੀਰ ਉਲਾਮੇ ਦੇ ਰੂਪ 'ਚ ਇਸ ਗੱਲ ਦਾ ਦੱਬਵਾਂ ਵਿਰੋਧ ਕਰਦੀ ਹੋਈ ਮਰਦ 'ਤੇ ਵਿਅੰਗ ਕਰਦੀ ਹੈ। ਉਸ ਦੇ ਇਸ ਵਿਰੋਧ ਵਿਚ ਲਿੰਗ ਭੇਦ ਕਰਕੇ ਉਸ ਦੀ ਮਨਫ਼ੀ ਹੋਈ ਸੁਤੰਤਰ ਪਛਾਣ ਦਾ ਮਸਲਾ ਵੀ ਨਿਹਿਤ ਹੈ। ਉਸ ਅਨੁਸਾਰ :

ਮੇਰਾ ਪਿਆਰ ਵੀ ਤੂੰ
ਇਕਰਾਰ ਵੀ ਤੂੰ
ਦਿਲ ਦੇ ਅਰਮਾਨਾਂ ਦਾ
ਇਜ਼ਹਾਰ ਵੀ ਤੂੰ
ਫਿਰ ਕਿਉਂ ਜ਼ਰੂਰੀ ਏ ਤੇਰੇ ਨਾਮ ਦਾ ਸਿੰਧੂਰ?
ਮੇਰੀ ਸ਼ਾਨ ਵੀ ਤੂੰ
ਪਹਿਚਾਣ ਵੀ ਤੂੰ
ਮੇਰੇ ਸੁਪਨਿਆਂ ਦਾ
ਸ਼ਿੰਗਾਰ ਵੀ ਤੂੰ
ਫਿਰ ਕਿਉਂ ਜ਼ਰੂਰੀ ਏ
ਤੇਰੇ ਨਾਮ ਦੀ ਪਹਿਚਾਣ

ਸ਼ਾਇਦ ਇਸ ਲਈ
ਕਿ ਮੈਂ ਜਨਨੀ ਹਾਂ
ਮਰਦ ਨਹੀਂ
ਹਾਂ... ਸਿਰਫ਼ ਜਨਨੀ।

ਇਥੇ ਇਕ ਜ਼ਿਕਰਯੋਗ ਗੱਲ ਇਹ ਹੈ ਕਿ 'ਅਮਰਜੀਤ ਕੌਰ ਨੀਰ' ਆਪਣੇ ਹੋਣ ਨੂੰ ਕਲੰਕ ਵੀ ਨਹੀਂ ਸਮਝਦੀ ਬਲਕਿ ਆਪਣੀ ਕਵਿਤਾ 'ਜਨਮ ਦਾਤੀ' ਵਿੱਚ ਆਪਣੇ ਔਰਤ ਹੋਣ 'ਤੇ ਮਾਣ ਮਹਿਸੂਸ ਕਰਦੀ ਹੋਈ ਮਰਦ ਪ੍ਰਧਾਨ ਸਮਾਜ ਨੂੰ ਔਰਤ ਦੀ ਇੱਜ਼ਤ ਕਰਨ ਦਾ ਸੁਝਾਉ ਵੀ ਦਿੰਦੀ ਹੈ। ਉਸ ਅਨੁਸਾਰ:

ਮੈਨੂੰ ਦੇਖਦੇ ਰਹੋ
ਪਰ ਸਤਾਉ ਨਹੀਂ .
ਮੈਨੂੰ ਦੇਖਦੇ ਰਹੋ
ਪਰ ਜਲਾਉ ਨਹੀਂ
ਮੈਂ ਔਰਤ ਦੇ ਇਲਾਵਾ
ਜਨਮ ਦਾਤੀ ਹਾਂ, ਮਾਂ ਹਾਂ
ਮੇਰੇ ਕੋਲ ਪਿਆਰ, ਸੇਵਾ ਤਿਆਗ ਹੈ
ਇਤਿਹਾਸ ਮੇਰੇ ਦੂਜੇ ਜਨਮ ਦਾ ਗਵਾਹ ਹੈ।

'ਅਮਰਜੀਤ ਨੀਰ' ਨੇ ਆਪਣੀਆਂ ਕਵਿਤਾਵਾਂ ਵਿੱਚ ਜਿੱਥੇ ਔਰਤ ਨੂੰ ਪਰਿਵਾਰਕ ਪੱਧਰ (ਭਾਵ ਵਿਆਹ ਤੋਂ ਬਾਅਦ) 'ਤੇ ਸੰਤਾਪ ਭੋਗਦੇ ਦਿਖਾਇਆ ਹੈ ਉਥੇ ਕੁਝ ਕਵਿਤਾਵਾਂ ਰਾਹੀਂ ਅਜਿਹੇ ਮਾਂ-ਪਿਉ ਤੇ ਵੀ ਸਵਾਲ ਖੜਾ ਕੀਤਾ ਹੈ ਜੋ ਧੀ ਨੂੰ ਬੋਝ ਸਮਝਦੇ ਹਨ ਅਤੇ ਧੀ ਨੂੰ ਹਮੇਸ਼ਾ ਬੇਗਾਨਾ ਧੰਨ ਹੀ ਕਹਿੰਦੇ ਹਨ। ਇਸ ਸੱਚ ਦੀ ਚੀਸ ਕਵਿਤਾ ਦਾ ਰੂਪ ਧਾਰ ਲੈਂਦੀ ਹੈ ਤੇ 'ਨੀਰ' ਬਿਹਬਲ ਹੋ ਕਹਿ ਉੱਠਦੀ ਹੈ—

ਤੂੰ ਨਾਲ ਸਾਡੇ ਕਦੀ ਨਹੀਂ ਧੀਏ ਰਹਿਣਾ ਏ।
ਤੂੰ ਧਨ ਪਰਾਇਆ ਮਾਪਿਆਂ ਦਾ ਕਿਉਂ ਕਹਿਣਾ ਏ?
ਸਦਾ ਰੱਖਦੇ ਨਹੀਂ ਨੇ ਕੋਲ, ਨਿਭਾਨੇ ਬੜੇ ਮੁਸ਼ਕਿਲ
ਇਹ ਸੁਣ ਕੇ ਪੈਂਦੇ ਹੋਲ, ਪਚਾਣੇ ਬੜੇ ਮੁਸ਼ਕਿਲ।

ਨਾਰੀ ਸੰਵੇਦਨਾ ਦੇ ਪੱਖ ਤੋਂ ਇਕ ਹੋਰ ਅਹਿਮ ਮਸਲਾ ਅਲਪ ਰੂਪ ਵਿੱਚ ਨੀਰ ਦੀਆਂ ਕਵਿਤਾਵਾਂ 'ਚ ਦੇਖਣ ਨੂੰ ਮਿਲਦਾ ਹੈ। ਇਹ ਮਸਲਾ ਔਰਤ ਦੇ ਜਬਰੀ ਜਿਨਸੀ ਸ਼ੋਸ਼ਨ ਦਾ ਹੈ। ਅਜੋਕੇ ਸਮੇਂ 'ਚ ਅਜਿਹਾ ਕੋਈ ਵੀ ਦਿਨ ਨਹੀਂ ਜਦੋਂ ਟੀ.ਵੀ. ਜਾਂ ਅਖ਼ਬਾਰ ਵਿੱਚ ਬਲਾਤਕਾਰ ਸੰਬੰਧੀ ਕੋਈ ਖ਼ਬਰ ਨਾ ਆਵੇ। ਕੁਝ ਵਰ੍ਹੇ ਪਹਿਲਾਂ ਦਿੱਲੀ ਵਿੱਚ ਵਾਪਰੀ ਅਜਿਹੀ ਹੀ ਸ਼ਰਮਨਾਕ ਘਟਨਾ ਦੇ ਨਾਂ ਕੇਵਲ ਭਾਰਤ ਬਲਕਿ ਸਮੁੱਚੀ ਮਨੁੱਖਤਾ ਨੂੰ ਹੀ ਸ਼ਰਮਸਾਰ ਕਰ ਦਿੱਤਾ ਸੀ। ਦਿੱਲੀ ਦੀ ਉਹ ਨਿਰਭੈਆ ਦੀ ਚੁੱਪ ਹੋ ਚੁੱਕੀ ਆਵਾਜ਼ ਨੂੰ 'ਨੀਰ' ਆਪਣੀਆਂ ਕਵਿਤਾਵਾਂ ਵਿੱਚ ਜ਼ੁਬਾਨ ਦਿੰਦੀ ਯਾਦ ਕਰਦੀ ਹੈ:

ਮਰ ਕੇ ਰਾਜ਼ ਕਈ ਉਹ ਆਪਣੇ ਨਾਲ ਲੈ ਗਈ
ਵਕਤ ਦੀ ਸ਼ਿਕਾਰ ਜਾਨ ਕੁਰਬਾਨ ਕਰ ਗਈ।

'ਨੀਰ' ਅਜਿਹੇ ਸਮਾਜ ਉਪਰ ਕਰੜੀ ਚੋਟ ਕਰਦੀ ਹੈ। ਜਿੱਥੇ ਇਸਤਰੀ ਨੂੰ ਵਪਾਰ ਜਾਂ ਭੋਗ ਦਾ ਸਮਾਨ ਹੀ ਸਮਝਿਆ ਜਾਂਦਾ ਹੈ। ਔਰਤ ਮੰਡੀ ਦੀ ਵਸਤ ਵਾਂਗ ਖਰੀਦੀ ਤੇ ਵੇਚੀ ਜਾਂਦੀ ਹੈ ਤੇ ਔਰਤ ਨੂੰ ਇਕ ਖਿਡੌਣਾ ਸਮਝ ਕੇ ਖੇਡਿਆ ਜਾਂਦਾ ਹੈ :

ਇਹ ਦੁਨੀਆਂ ਚੋਰਾਂ ਮੱਕਾਰਾਂ ਦੀ।
ਜਿੱਥੇ ਬੋਲੀ ਲਗਦੀ ਨਾਰਾਂ ਦੀ।

ਇਸ ਸਭ ਦੇ ਬਾਅਦ ਵੀ ਔਰਤ ਨੂੰ ਚੁੱਪ ਰਹਿਣਾ ਸਿਖਾਇਆ ਜਾਂਦਾ ਹੈ। ਕਦੇ ਪਰਿਵਾਰ ਦੀ ਇੱਜ਼ਤ ਖ਼ਾਤਰ, ਕਦੇ ਬਾਪ ਦੀ ਪਗੜੀ ਤੇ ਵੀਰ ਦੀ ਰੱਖੜੀ ਦਾ ਵਾਸਤਾ ਪਾ, ਕਦੇ ਕੱਟੜ ਸਮਾਜਕ ਨਿਯਮਾਂ 'ਚ ਨਰੜ, ਔਰਤ ਦੀ ਜ਼ੁਬਾਨ ਬੰਦ ਕਰ ਦਿੱਤੀ ਜਾਂਦੀ ਹੈ ਤੇ ਉਹ ਆਪਣੇ ਅੰਦਰ ਹੀ ਅੰਦਰ, ਧੁਰ ਅੰਦਰਲੇ ਖਲਾਅ 'ਚ ਲਟਕ ਕੇ ਰਹਿ ਜਾਂਦੀ ਹੈ ਤੇ ਨੀਰ ਵਾਂਗ ਸਿਰਫ਼ ਚੁੱਪ ਦੀ ਲਿੱਪੀ 'ਚ ਅਫ਼ਸੋਸ ਕਰਕੇ ਵਿਰੋਧਤਾ ਜਤਾ ਲੈਂਦੀ ਹੈ। ਉਸ ਅਨੁਸਾਰ :

ਬਹੁਤ ਕੁਝ ਅੰਦਰ ਹੈ
ਪਰ ਤੇਰੇ ਲਈ ਇਹ ਕਾਫ਼ੀ ਹੈ
ਮੈਂ ਚੁੱਪ ਹੀ ਰਹਾਂ
ਕੁਝ ਨਾਂ ਕਹਾਂ ਤੈਨੂੰ।

ਹੱਥਲੀ ਪੁਸਤਕ ਵਿੱਚ ਨਾਰੀ ਸੰਵੇਦਨਾ ਤੋਂ ਬਾਅਦ 'ਨੀਰ' ਦੀਆਂ ਕਵਿਤਾਵਾਂ ਵਿੱਚ 'ਪ੍ਰੀਤ-ਭਾਵਨਾ' ਦੂਸਰਾ ਪ੍ਰਮੁੱਖ ਕਾਰਜਸ਼ੀਲ ਸੂਤਰ ਹੈ। ਉਹ ਪ੍ਰੀਤ ਦੇ ਪੀੜਾ ਮਈ ਰੂਪ ਨੂੰ ਜਾਂ ਵਿਰਹਾ ਜਾਂ ਵਿਯੋਗ ਨੂੰ ਤਾਂ ਚਿਤਰਦੀ ਹੈ ਪਰ ਨਾਲ ਹੀ ਵਸਲ ਦੀਆਂ ਘੜੀਆਂ ਨੂੰ ਵੀ ਬੜੀ ਖ਼ੂਬਸੂਰਤੀ ਨਾਲ ਆਪਣੀ ਕਵਿਤਾ ਵਿੱਚ ਰੂਪਮਾਨ ਕਰਦੀ ਹੈ। ਇਸ ਕਾਵਿ ਪੁਸਤਕ ਵਿਚਲਿਆਂ ਕਵਿਤਾਵਾਂ ਵਿੱਚ ਉਹ ਪ੍ਰੀਤ ਦੇ ਜਜ਼ਬੇ ਨੂੰ ਆਦਰਸ਼ਵਾਦੀ ਰੰਗ ਦੇ ਕੇ ਪ੍ਰਸਤੁੱਤ ਕਰਦੀ ਹੈ। ਇਹ ਆਦਰਸ਼ਵਾਦੀ ਰੰਗ ਪਹਿਲੇ ਨਜ਼ਰੇ ਵਾਸਤਵਿਕਤਾ ਤੋਂ ਟੁੱਟਿਆ ਤੇ ਵਿਛੁੰਨਿਆਂ ਲੱਗਦਾ ਹੈ ਪਰ ਅਸਲ ਵਿੱਚ ਉਹ ਮਰਦ ਪ੍ਰਧਾਨ ਸਮਾਜ ਵਿੱਚ ਪ੍ਰੇਮਿਕਾ ਦੀਆਂ ਭਾਵਨਾਵਾਂ, ਅਕਾਂਖਿਆਵਾਂ ਤੇ ਇੱਛਾਵਾਂ ਦੇ ਖ਼ੂਬਸੂਰਤ ਚਿੱਤਰ ਪ੍ਰਸਤੁੱਤ ਕਰਕੇ ਵਰਤਮਾਨ ਸਮਾਜ ਦੇ ਸਮਾਂਤਰ ਇਕ ਸੁਪਨਮਈ ਸੰਸਾਰ ਨੂੰ ਸਿਰਜ ਲੈਂਦੀ ਹੈ। ਇਸ ਸੁਪਨਮਈ ਸੰਸਾਰ ਵਿੱਚ ਮਰਦ-ਇਸਤਰੀ ਇਕ ਬਰਾਬਰੀ ਵਾਲੇ ਮਾਨਵੀ ਧਰਾਤਲ ਉੱਪਰ ਖਲੋਤੇ ਹੋਏ ਵਸਲ ਦੀ ਸਥਿਤੀ ਨੂੰ ਪੂਰੀ ਭਰਪੂਰਤਾ ਸਹਿਤ ਹੰਢਾਉਂਦੇ ਹਨ ਤੇ ਪ੍ਰੇਮਿਕਾ ਪ੍ਰੇਮੀ ਨੂੰ ਮੁਖ਼ਾਤਿਬ ਹੋ ਕਹਿ ਉੱਠਦੀ ਹੈ—

ਤੇਰੀ ਵਜ੍ਹਾ ਨਾਲ
ਮੈਨੂੰ ਜੀਣ ਦਾ ਤਰੀਕਾ ਆ ਗਿਆ।
ਤੇਰੀ ਵਜ੍ਹਾ ਨਾਲ
ਮੈਂ ਸਜੀ ਸੰਵਰੀ
ਤੇਰੀ ਵਜ੍ਹਾ ਨਾਲ
ਬੇਕਰਾਰ ਦਿਲ ਨੂੰ ਕਰਾਰ ਆਇਆ।

ਜਾਂ

ਤੂੰ ਇਕ ਪਲ ਹੀ ਮੇਰੀ ਨਜ਼ਰ 'ਚ ਵੀ ਰਿਹਾ
ਹਰ ਪਲ ਇਸ ਜ਼ਿੰਦਗੀ ਨੇ ਤੈਨੂੰ ਯਾਦ ਕੀਤਾ।

ਇਸ ਤਰ੍ਹਾਂ 'ਨੀਰ' ਜ਼ਿੰਦਗੀ ਦੀ ਹਰ ਖ਼ੁਸ਼ੀ ਤੇ ਹਰ ਆਨੰਦ ਦਾ ਆਧਾਰ ਵਸਲ ਵਿਚੋਂ ਲੱਭਦੀ ਹੈ। ਪਿਆਰ ਵਿਚਲੇ ਵਿਰਾਗ ਨੂੰ ਚਿਤਰਦੀ ਉਹ ਜਦੋਂ ਵਸਲ ਦੀ ਸਥਿਤੀ ਤੇ ਪਹੁੰਚਦੀ ਹੈ ਤਾਂ ਇਸ ਸਥਿਤੀ ਦੇ ਇੰਦਰਿਆਵੀ ਰੂਪ ਨੂੰ ਵੀ ਬਹੁਤ ਦਲੇਰੀ ਨਾਲ ਬਿਆਨ ਕਰਦੀ ਹੈ। ਜਿਵੇਂ :

ਮੇਰਾ ਇਕ ਹੱਥ ਘੁੱਟ ਕੇ
ਉਹਨਾਂ ਲਿਆ ਦਬਾ
ਸਾਰੇ ਪਲ ਸੰਸਾਰ ਦੇ

ਉਸ ਪਲ 'ਚ ਗਏ ਸਮਾਂ!

ਜਾਂ

ਮਨ ਤਰਸਦਾ ਏ ਤੇਰੇ 'ਚ ਸਮਾਂ ਜਾਵਾਂ
ਤੇ ਬੁੱਲ੍ਹਾਂ 'ਤੇ ਮੁਸਕਰਾਵਾਂ
ਬਸ ਇਕ ਇਸ਼ਾਰਾ ਚਾਹੀਦਾ ਹੈ

ਜਾਂ

ਉਮਰਾਂ ਹੋਈਆਂ ਮਿਲਦਿਆਂ
ਇਹ ਮੁੱਕਦੀ ਨਹੀਂ ਰਾਤ
ਲੱਖਾਂ ਗੱਲਾਂ ਕੀਤੀਆਂ
ਪਰ ਮੁੱਕਦੀ ਨਹੀਂ ਬਾਤ।

ਉਪਰੋਕਤ ਕਾਵਿ ਬੰਦਾ ਵਿੱਚ 'ਨੀਰ' ਜਿਸਮਾਨੀ ਖਿੱਚ ਦੇ ਜਜ਼ਬੇ ਨੂੰ ਨਾ ਕੇਵਲ ਮਾਣਤਾ ਦੇਂਦੀ ਹੈ ਬਲਕਿ ਇਸ ਜਜ਼ਬੇ ਨੂੰ ਨਾਰੀ ਹੋਣ ਦੇ ਬਾਵਜੂਦ ਅਲਪ ਰੂਪ 'ਚ ਆਪਣੀਆਂ ਕਵਿਤਾਵਾਂ ਵਿਚ ਹੀ ਚਿੱਤਰਦੀ ਹੈ ਪਰ ਇਸ ਚਿਤ੍ਰਣ ਨੂੰ ਉਸ ਦੀ ਦਲੇਰੀ ਦਾ ਪ੍ਰਗਟਾਅ ਮੰਨਣਾ ਚਾਹੀਦਾ ਹੈ। ਇਸਤਰੀ ਪੁਰਖ ਦੀ ਜਿਸਮਾਨੀ ਖਿੱਚ ਦੇ ਗੌਰਵ ਨੂੰ ਪਛਾਣਦੇ ਹੋਏ ਉਸ ਨੂੰ ਉਹ ਕੁੱਝ ਇੰਝ ਬਿਆਨਦੀ ਹੈ :

ਸੁਰ ਵੀ ਤੇਰਾ ਗੀਤ ਵੀ ਤੇਰਾ
ਆਵਾਜ਼ ਵੀ ਤੇਰੀ ਹੀ ਬਣ ਗਈ
ਨਜ਼ਰ ਵੀ ਤੇਰੀ ਨਜ਼ਰਾਨਾ ਵੀ ਤੇਰਾਂ
ਇਜ਼ਹਾਰ ਵੀ ਤੇਰਾ ਹੀ ਬਣ ਗਈ

ਜਾਂ

ਮੈਂ ਅੱਜ ਨਾਲ ਹਨੇਰੇ ਸੁੱਤੀ
ਅੱਜ ਦੀ ਰਾਤੇ ਸਧਰਾਂ ਲਾਹੀਆਂ
ਦੇ ਸ਼ਰਮਾਂ ਨੂੰ ਛੁੱਟੀ

ਨੀਰ ਦੀਆਂ ਕਵਿਤਾਵਾਂ ਵਿੱਚ ਜਿਥੇ ਵਸਲ ਦੀ ਖੁਸ਼ੀ ਹੈ ਉਥੇ ਵਸਲ ਤੋਂ ਪਹਿਲਾਂ ਮਹਿਬੂਬ ਨਾਲ ਵਿਛੋੜੇ ਦੀ ਸਿੱਕ ਤੇ ਮਹਿਬੂਬ ਦੀ ਉਡੀਕ ਦਾ ਰੰਗ ਵੀ ਬਹੁਤ ਖੂਬਸੂਰਤ ਹੈ। ਇਸ ਸੰਬੰਧ ਵਿਚ ਉਸ ਦੀਆਂ ਕਵਿਤਾਵਾਂ 'ਚ 'ਦਸਤਕ ਦੀ ਉਡੀਕ' ਤੇ 'ਮੇਰੀ ਤਨਹਾਈ' ਵਿਸ਼ੇਸ਼ ਹਨ। ਮੇਰੀ ਤਨਹਾਈ ਵਿੱਚ ਉਹ ਆਪਣੇ ਮਹਿਬੂਬ ਨੂੰ ਉਡੀਕਦੀ ਆਪਣੇ ਕੋਲ ਮਹਿਸੂਸ ਕਰਦੀ ਹੈ:

ਦਹਿਲੀਜ਼ 'ਤੇ ਖੜ੍ਹੀ
ਚੁੱਪ-ਚਾਪ ਸੋਚਦੀ ਹਾਂ
ਤੇਰਾ ਰਾਹ ਵੇਖਦੀ ਹਾਂ
ਦਹਿਲੀਜ਼ 'ਤੇ ਖੜ੍ਹੇ-ਖੜ੍ਹੇ
ਥੱਕ ਜਾਂਦੀ ਹਾਂ

ਸੋਚਾਂ'ਚ ਹੀ ਗੁਆਚ ਜਾਂਦੀ ਹਾਂ
ਦਹਿਲੀਜ਼ 'ਤੇ ਖੜ੍ਹੇ
ਤੇਰੀ ਆਵਾਜ਼ ਆਉਂਦੀ ਹੈ।

ਪਲਾਂ'ਚ ਹੀ ਬਿਖਰ ਜਾਂਦੀ ਹੈ।
ਦਹਿਲੀਜ਼ 'ਤੇ ਖੜੇ
ਤੂੰ ਮੁਸਕਰਾਉਂਦਾ ਹੈਂ
ਮੈਂ ਦੇਖਦੀ ਹੀ ਰਹਿ ਜਾਂਦੀ ਹਾਂ
ਸੋਚਾਂ ਕਰਵੱਟ ਲੈਂਦੀਆਂ ਹਨ
ਇਹ ਮੇਰੀਆਂ ਸੋਚਾਂ ਦਾ
ਵਹਿਮ ਸੀ
ਦਹਿਲੀਜ਼ 'ਤੇ ਕੋਈ ਨਹੀਂ ਸੀ
ਸਿਰਫ਼ ਮੈਂ ਤੇ ਮੇਰੀ ਤਨਹਾਈ ਸੀ।

'ਉਹ ਤੂੰ ਤਾਂ ਨਹੀਂ" ਕਾਵਿ ਸੰਗ੍ਰਹਿ ਬੇਸ਼ਕ ਕਵਿਤਾ ਦੇ ਖੇਤਰ ਵਿੱਚ ਅਮਰਜੀਤ ਕੌਰ ਨੀਰ ਦੇ ਮੁੱਢਲੇ ਯਤਨਾਂ ਦਾ ਨਤੀਜਾ ਹੈ, ਪਰ ਇਸ ਵਿਚਲੀਆਂ ਕਵਿਤਾਵਾਂ ਚੋਂ ਨੀਰ ਅੰਦਰਲੀ ਇਕ ਸੰਵੇਦਨਸ਼ੀਲ ਕਵਿੱਤਰੀ ਦੀ ਝਲਕ ਜ਼ਰੂਰ ਮਿਲਦੀ ਹੈ। ਉਮੀਦ ਹੈ ਆਉਣ ਵਾਲੇ ਸਮੇਂ ਵਿਚ ਉਹ ਆਪਣੀ ਇਸੇ ਸੰਵੇਦਨਸ਼ੀਲਤਾ ਕਰਕੇ ਪੰਜਾਬੀ ਸਾਹਿਤ ਵਿੱਚ ਗੁਣਾਤਮਕ ਅਤੇ ਗਿਣਾਤਮਕ ਵਾਧਾ ਕਰਨ ਲਈ ਯਤਨਸ਼ੀਲ ਰਹੇਗੀ।

○

Regd. No. 28873/76
ISSN 2319-5053
UGC No. 41927

July - August 2018

Published by the Secretary on behalf of
**J&K Academy of Art, Culture and Languages, Jammu**
and Printed at Classic Printers, Bari Brahamana, Jammu